# ਗਰਜਵੇਂ ਤੂਫਾਨ,
# ਅਸਮਾਨੀ ਬਿਜਲੀ ਅਤੇ ਗੜੇ

## ਸੰਖੇਪ ਝਾਤ

ਰੁੱਤਦਾਰ ਮੌਸਮ, ਜਿਵੇਂ ਕਿ ਗਰਜਵੇਂ ਤੂਫਾਨ, ਅਸਮਾਨੀ ਬਿਜਲੀ ਅਤੇ ਗੜੇ ਝਟਪਟ ਪੈਦਾ ਹੋ ਸਕਦੇ ਹਨ ਅਤੇ ਜ਼ਿੰਦਗੀ ਤੇ ਪ੍ਰਾਪਰਟੀ ਲਈ ਖਤਰਾ ਬਣ ਸਕਦੇ ਹਨ। ਬਹੁਤ ਤੇਜ਼ ਹਨੇਰੀਆਂ ਐਲਬਰਟਾ ਭਰ 'ਚ ਅਕਸਰ ਸਾਰੇ ਮੌਸਮਾਂ 'ਚ ਆ ਜਾਂਦੀਆਂ ਹਨ।

## ਤਿਆਰ ਹੋਵੋ

ਵਿਅਕਤੀਆਂ ਅਤੇ ਪਰਿਵਾਰਾਂ ਨੂੰ ਘੱਟੋ ਘੱਟ 72 ਘੰਟਿਆਂ ਲਈ ਆਪਣੇ ਆਪ ਦੀ ਸੰਭਾਲ ਕਰ ਸਕਣ ਲਈ ਤਿਆਰ ਰਹਿਣਾ ਚਾਹੀਦਾ ਹੈ। ਹੇਠ ਲਿਖੇ ਕਦਮ ਤੁਹਾਨੂੰ ਆਪਣੀ ਤਿਆਰੀ ਦੀ ਯੋਜਨਾਂ ਬਣਾਉਣ 'ਚ ਮਦਦ ਕਰ ਸਕਦੇ ਹਨ।

- ਇਕ ਕਿੱਟ ਬਣਾਉ: ਕੁਝ ਸਾਧਾਰਨ ਜਿਹੇ ਕਦਮ ਉਠਾਉਣ ਨਾਲ ਤੁਸੀਂ ਕਈ ਸਾਰੀਆਂ ਐਮਰਜੈਂਸੀਆਂ ਦਾ ਸਾਹਮਣਾ ਕਰਨ ਲਈ ਵਧੇਰੇ ਚੰਗੀ ਤਰ੍ਹਾਂ ਤਿਆਰ ਹੋ ਸਕਦੇ ਹੋ। ਯਕੀਨੀ ਬਣਾਉ ਕਿ ਤੁਹਾਡੀ ਕਿੱਟ 'ਚ ਬੈਟਰੀ ਨਾਲ ਚੱਲਣ ਵਾਲਾ/ਕਰੈਂਕ ਰੇਡੀਉ/ਫਲੈਸ਼ਲਾਈਟ ਜਾਂ Weatheradio ਸ਼ਾਮਲ ਹੋਣ, ਉਸ ਸੂਰਤ ਲਈ ਕਿ ਜੇ ਬਿਜਲੀ ਬੰਦ ਹੋ ਜਾਵੇ।.

ਪਤਾ ਰੱਖੋ ਕਿ ਕਿਸੇ ਐਮਰਜੈਂਸੀ ਦੌਰਾਨ ਤੁਹਾਡੀ ਕਮਿਊਨਿਟੀ ਕਿਹੜੀ ਥਾਂ 'ਤੇ ਜ਼ਰੂਰੀ ਜਾਣਕਾਰੀ ਅਤੇ ਅੱਪਡੇਟਾਂ ਪਾਵੇਗੀ, ਅਤੇ ਜ਼ਰੂਰੀ, ਜ਼ਿੰਦਗੀ-ਬਚਾਊ ਚਿਤਾਵਨੀਆਂ ਵਾਸਤੇ Alberta Emergency Alert ਐਪ ਡਾਊਨਲੋਡ ਕਰਨਾਂ ਯਕੀਨੀ ਬਣਾਉ।

ਜਦੋਂ ਲੋਕੀਂ ਆਪਣੀ ਵੱਧ ਤੋਂ ਵੱਧ ਯੋਗਤਾ ਅਨੁਸਾਰ ਤਿਆਰ ਹੁੰਦੇ ਹਨ, ਇਸ ਨਾਲ ਫਸਟ ਰਿਸਪਾਂਡਰਾਂ, ਜਿਵੇਂ ਕਿ ਪੁਲਿਸ, ਫਾਇਰ ਅਤੇ ਐਂਬੂਲੈਂਸ ਨੂੰ ਐਮਰਜੈਂਸੀ ਅਤੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਤ ਕਰਨ ਦਾ ਮੌਕਾ ਮਿਲ ਜਾਂਦਾ ਹੈ, ਜਿੰਨ੍ਹਾਂ ਨੂੰ ਸਭ ਤੋਂ ਵੱਧ ਲੋੜ ਹੁੰਦੀ ਹੈ।

## ਭਾਰੀ ਬਾਰਸ਼

ਗਰਮੀਆਂ 'ਚ ਦੋ ਤਰ੍ਹਾਂ ਦੀਆਂ ਭਾਰੀ ਬਾਰਸ਼ਾਂ ਹੁੰਦੀਆਂ ਹਨ। ਵੱਡੀ ਪੱਧਰ ਦੇ ਮੌਸਮ ਸਿਸਟਮ ਜਿੰਨ੍ਹਾਂ 'ਚ ਲੰਮੇ ਸਮੇਂ ਲਈ ਬਾਰਸ਼ ਹੁੰਦੀ ਰਹਿੰਦੀ ਹੈ, ਅਤੇ ਛੋਟੇ ਸਮੇਂ ਦੇ ਗਰਜਵੇਂ ਤੂਫਾਨ, ਜਿੰਨ੍ਹਾਂ 'ਚ ਭਾਰੀ ਬਾਰਸ਼ ਹੁੰਦੀ ਹੈ।

### ਭਾਰੀ ਬਾਰਸ਼ ਦੇ ਤੱਥ

- ਲੰਮੇ ਸਮੇਂ ਦੇ ਮੌਸਮ ਸਿਸਟਮ ਅਕਸਰ ਕਈ ਦਿਨ ਚੱਲ ਸਕਦੇ ਹਨ।
- ਭਾਰੀ ਬਾਰਸ਼ ਥੋੜ੍ਹੇ ਜਹੇ ਸਮੇਂ 'ਚ ਹੜ੍ਹ ਲਿਆ ਸਕਦੀ ਹੈ, ਵਿਸ਼ੇਸ਼ ਕਰਕੇ ਜਦੋਂ ਜ਼ਮੀਨ ਜੰਮੀ ਹੋਵੇ ਜਾਂ ਪਹਿਲਾਂ ਹੀ ਗਿੱਲੀ ਹੋਵੇ।

### ਭਾਰੀ ਬਾਰਸ਼ ਵੇਲੇ ਬਚਾਅ ਦੇ ਨੁਕਤੇ

- ਹੇਠੋਂ ਲੰਘਣ ਵਾਲੀਆਂ ਸੜਕਾਂ/ਸੁਰੰਗਾਂ, ਡਰੇਨ ਵਾਲੀਆਂ ਖਾਲੀਆਂ, ਨੀਵੀਆਂ ਥਾਵਾਂ, ਅਤੇ ਪਾਣੀ ਇਕੱਠਾ ਕਰਨ ਵਾਲੀਆਂ ਥਾਵਾਂ ਤੋਂ ਗੁਰੇਜ਼ ਕਰੋ, ਕਿਉਂਕਿ ਉਹ ਹੜ੍ਹ ਸਕਦੀਆਂ ਹਨ ਜਾਂ ਉੱਛਲ ਸਕਦੀਆਂ ਹਨ।
- ਬਿਜਲੀ ਦੀਆਂ ਲਾਈਨਾਂ ਅਤੇ ਬਿਜਲੀ ਦੀਆਂ ਤਾਰਾਂ ਤੋਂ ਪਰ੍ਹਾਂ ਰਹੋ।
- ਬੇਸਮੈਂਟ 'ਚ ਪਾਣੀ ਭਰ ਜਾਣ ਦੀ ਸੰਭਾਵਨਾਂ ਨੂੰ ਘੱਟ ਰੱਖਣ ਲਈ ਆਪਣੇ ਘਰ ਦੇ ਆਲੇ-ਦੁਆਲੇ ਦੀਆਂ ਡਰੇਨਾਂ ਚੈੱਕ ਕਰੋ।

## ਗਰਜਵੇਂ ਤੂਫਾਨ

ਗਰਜ ਉਹ ਖੜਾਕ ਹੈ ਜਿਹੜਾ ਉਦੋਂ ਪੈਦਾ ਹੁੰਦਾ ਹੈ ਜਦੋਂ ਅਸਮਾਨੀ ਬਿਜਲੀ ਦੇ ਸੇਕ ਨਾਲ ਹਵਾ ਅਚਨਚੇਤ ਫੈਲਦੀ ਹੈ। ਸਾਰੇ ਗਰਜਵੇਂ ਤੂਫਾਨ ਸੰਭਾਵਤ ਤੌਰ 'ਤੇ ਮਾਰੂ ਬਿਜਲੀ ਤੂਫਾਨ ਹੁੰਦੇ ਹਨ, ਭਾਵੇਂ ਕਿ ਮੌਸਮ ਅਤਿ-ਖਰਾਬ ਹੈ ਜਾਂ ਨਹੀਂ।

### ਗਰਜਵੇਂ ਤੂਫਾਨ ਸਬੰਧੀ ਤੱਥ

- ਅਤਿ ਖਰਾਬ ਗਰਜਵੇਂ ਤੂਫਾਨ ਨੁਕਸਾਨਦਾਇਕ ਹਾਲਤਾਂ ਪੈਦਾ ਕਰ ਸਕਦੇ ਹਨ ਜਿਵੇਂ ਤੇਜ਼ ਹਵਾਵਾਂ, ਗੜੇ, ਅਸਮਾਨੀ ਬਿਜਲੀ, ਭਾਰੀ ਬਾਰਸ਼ ਅਤੇ ਤੂਫਾਨੀ ਬੁੱਲੇ।
- ਗਰਜਵੇਂ ਤੂਫਾਨਾਂ ਦੀ ਲੜੀ ਕਈ ਘੰਟਿਆਂ ਤੱਕ ਬਣੀ ਰਹਿ ਸਕਦੀ ਹੈ।
- ਸਿੱਧੀ ਦਿਸ਼ਾ 'ਚ ਚੱਲਣ ਵਾਲੀਆਂ ਹਵਾਵਾਂ ਗਰਜਵੇਂ ਤੂਫਾਨਾਂ ਦੁਆਰਾ ਕੀਤੇ ਬਹੁਤੇ ਨੁਕਸਾਨ ਦਾ ਕਾਰਨ ਹੁੰਦੀਆਂ ਹਨ। ਇਹ ਹਵਾਵਾਂ ਜ਼ਮੀਨ ਦੇ ਨਾਲ ਨਾਲ ਖਿਤਿਜੀ ਰੂਪ 'ਚ ਤੂਫਾਨ ਤੋਂ ਪਰ੍ਹੇ ਪਰ੍ਹੇ ਚੱਲਦੀਆਂ ਹਨ।

### ਗਰਜਵੇਂ ਤੂਫਾਨ ਵੇਲੇ ਬਚਾਅ ਦੇ ਨੁਕਤੇ

- ਕਿਸੇ ਵੀ ਗਰਜਵੇਂ ਤੂਫਾਨ ਤੋਂ ਪਹਿਲਾਂ ਰੇਡੀਉ ਅਤੇ ਟੈਲੀਵਿਜ਼ਨਾਂ ਦੇ ਪਲੱਗ ਕੱਢ ਦਿਉ।
- ਕਿਸੇ ਵੀ ਗਰਜਵੇਂ ਤੂਫਾਨ ਦੌਰਾਨ ਤਿੜਕੇ ਸ਼ੀਸ਼ਿਆਂ ਅਤੇ ਉੱਚੀਆਂ ਖੜੀਆਂ ਚੀਜ਼ਾਂ ਤੋਂ ਪਰ੍ਹੇ ਰਹੋ ਜੋ ਡਿੱਗ ਸਕਦੀਆਂ ਹਨ।

## ਅਸਮਾਨੀ ਬਿਜਲੀ

ਅਸਮਾਨੀ ਬਿਜਲੀ ਇਕੱਠੀ ਹੋ ਗਈ ਅਚੱਲ (ਸਟੈਟਿੱਕ) ਬਿਜਲੀ ਦਾ ਡਿਸਚਾਰਜ ਹੋਣਾ ਹੈ, ਜਿਹੜਾ 100 ਮਿਲੀਅਨ ਵੋਲਟ ਤੱਕ ਬਿਜਲੀ ਛੱਡ ਸਕਦਾ ਹੈ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi

### ਅਸਮਾਨੀ ਬਿਜਲੀ ਸਬੰਧੀ ਤੱਥ

- ਹਰੇਕ ਸਾਲ ਅਸਮਾਨੀ ਬਿਜਲੀ ਤਕਰੀਬਨ 10 ਕੈਨੇਡਾ ਵਾਸੀਆਂ ਨੂੰ ਮਾਰਦੀ ਅਤੇ ਇਸ ਤੋਂ ਵੀ ਜ਼ਿਆਦਿਆਂ ਨੂੰ ਜ਼ਖਮੀ ਕਰਦੀ ਹੈ।
- ਔਸਤਨ, ਅਸਮਾਨੀ ਬਿਜਲੀ ਕੈਨੇਡਾ 'ਚ ਹਰੇਕ ਸਾਲ ਗੜ੍ਹਿਆਂ, ਬਾਰਸ਼ਾਂ, ਹੜ੍ਹਾਂ, ਹਵਾਵਾਂ, ਬੁੱਲ੍ਹਿਆਂ ਅਤੇ ਸਮੁੰਦਰੀ ਤੂਫਾਨਾਂ ਸਾਰਿਆਂ ਨੂੰ ਮਿਲਾਕੇ ਹੋਣ ਵਾਲੀਆਂ ਮੌਤਾਂ ਨਾਲੋਂ ਵੱਧ ਮੌਤਾਂ ਦਾ ਕਾਰਨ ਬਣਦੀ ਹੈ।
- ਜੇਕਰ ਤੁਸੀਂ ਗਰਜ ਨੂੰ ਸੁਣਦੇ ਹੋ ਤਾਂ ਇਸ ਨੂੰ ਇਕ ਖਤਰੇ ਵਜੋਂ ਲਉ।
- ਰਬੜ ਦੀਆਂ ਜੁੱਤੀਆਂ ਅਤੇ ਟਾਇਰ ਅਸਮਾਨੀ ਬਿਜਲੀ ਤੋਂ ਕੋਈ ਵੱਡੀ ਸੁਰੱਖਿਆ ਪ੍ਰਦਾਨ ਨਹੀਂ ਕਰਦੇ।

### ਅਸਮਾਨੀ ਬਿਜਲੀ ਵੇਲੇ ਬਚਾਅ ਦੇ ਨੁਕਤੇ

- ਪੂਰੀ ਤਰ੍ਹਾਂ ਬੰਦ ਬਿਲਡਿੰਗ ਵਿਚ ਪਨਾਹ ਲਵੋ, ਜਿਸ'ਚ ਵਾਇਰਿੰਗ ਅਤੇ ਪਲਬਿੰਗ ਹੋਈ ਹੋਵੇ।
- ਕਿਸੇ ਵੀ ਉਸ ਚੀਜ਼ ਤੋਂ ਪਰ੍ਹੇ ਰਹੋ ਜਿਸ'ਚ ਬਿਜਲੀ ਦੀ ਤਾਰ ਲੱਗੀ ਹੈ, ਅਤੇ ਦਰਵਾਜ਼ਿਆਂ, ਖਿੜਕੀਆਂ, ਫਾਇਰਪਲੇਸਾਂ, ਸਿੰਕਾਂ, ਟੱਬਾਂ ਅਤੇ ਸ਼ਾਵਰਾਂ ਤੋਂ ਗੁਰੇਜ਼ ਕਰੋ।
- ਜੇਕਰ ਤੁਸੀਂ ਕਿਧਰੇ ਬਾਹਰ ਫਸ ਗਏ ਹੋ ਤਾਂ ਉੱਚੀਆਂ ਖੜੀਆਂ ਚੀਜ਼ਾਂ ਦੇ ਨੇੜੇ ਜਾਂ ਜਿਹੜੀ ਚੀਜ਼ ਧਾਤ ਦੀ ਬਣੀ ਹੈ, ਉਸਦੇ ਨੇੜੇ ਨਾ ਖਲੋਵੋ ਅਤੇ ਖੁੱਲ੍ਹੇ ਪਾਣੀ ਤੋਂ ਗੁਰੇਜ਼ ਕਰੋ। ਕਿਸੇ ਨੀਵੇਂ ਥਾਂ'ਤੇ ਪਨਾਹ ਲਵੋ।
- ਗਰਜ ਦੀ ਆਖਰੀ ਸੁਣੀ ਗੜਗੜਾਹਟ ਤੋਂ ਮਗਰੋਂ ਬਾਹਰ ਆਉਣ ਤੋਂ ਪਹਿਲਾਂ 30 ਮਿੰਟ ਉਡੀਕ ਕਰੋ।

## ਗੜੇ

ਗੜੇ ਤੂਫਾਨੀ ਬੱਦਲਾਂ 'ਚ ਬਣ ਜਾਂਦੇ ਹਨ ਅਤੇ ਇਹ ਬਹੁਤ ਵਾਰੀ ਗਰਮੀਆਂ 'ਚ ਪੈਂਦੇ ਹਨ, ਪਰੰਤੂ ਸਾਲ ਦੇ ਠੰਡ ਵਾਲੇ ਸਮਿਆਂ 'ਚ ਵੀ ਇਹ ਪੈ ਸਕਦੇ ਹਨ। ਮੋਟੇ ਗੜੇ ਬਹੁਤ ਕਰਕੇ ਗਰਮ ਮੌਸਮਾਂ 'ਚ ਪੈਂਦੇ ਹਨ ਅਤੇ ਇੰਨ੍ਹਾਂ ਲਈ ਵਿਸ਼ੇਸ਼ ਹਾਲਤਾਂ ਦੀ ਜ਼ਰੂਰਤ ਹੈ। ਐਲਬਰਟਾ ਦੇ ਤਕਰੀਬਨ ਸਾਰੇ ਏਰੀਏ ਮੋਟੇ ਗੜ੍ਹਿਆਂ ਤੋਂ ਪ੍ਰਭਾਵਤ ਹੋ ਸਕਦੇ ਹਨ।

### ਗੜ੍ਹਿਆਂ ਸਬੰਧੀ ਤੱਥ

- ਗੜੇਮਾਰੀ ਬਹੁਤਾ ਕਰਕੇ ਮਈ ਤੋਂ ਅਕਤੂਬਰ ਤੱਕ ਹੁੰਦੀ ਹੈ।
- ਗੜੇ ਮਟਰਾਂ ਦੇ ਦਾਣੇ ਜਿੰਨੇ ਛੋਟੇ ਅਤੇ ਗਰੇਪਫਰੂਟ ਜਿੰਨੇ ਵੱਡੇ ਹੋ ਸਕਦੇ ਹਨ।
- ਗੜੇਮਾਰੀ ਘਰਾਂ ਅਤੇ ਪ੍ਰਾਪਰਟੀ (ਸਮੇਤ ਫਸਲਾਂ) ਨੂੰ ਪੁੱਜਦੇ ਨੁਕਸਾਨ ਕਰਕੇ ਇਕ ਵਿੱਤੀ ਤਬਾਹੀ ਹੋ ਸਕਦੀ ਹੈ।
- ਗੜੇ ਜ਼ਮੀਨ ਉੱਪਰ 100 ਕਿਲੋਮੀਟਰ/ਘੰਟੇ ਜਾਂ ਇਸ ਤੋਂ ਵੱਧ ਦੀ ਰਫਤਾਰ ਨਾਲ ਡਿੱਗ ਸਕਦੇ ਹਨ।
- ਜਦੋਂ ਇਹ ਤੇਜ਼ ਬਾਰਸ਼ ਨਾਲ ਰਲ ਜਾਣ ਤਾਂ ਗੜੇ ਸਟਾਰਮ ਡਰੇਨਾਂ ਨੂੰ ਡੱਕ ਸਕਦੇ ਹਨ ਅਤੇ ਅਣ-ਕਿਆਸੇ ਸਥਾਨਕ ਹੜ੍ਹ ਪੈਦਾ ਕਰ ਸਕਦੇ ਹਨ।

### ਗੜ੍ਹਿਆਂ ਵੇਲੇ ਬਚਾਅ ਦੇ ਨੁਕਤੇ

- ਜਦੋਂ ਗੜੇ ਪੈਣੇ ਹੋਣ ਤਾਂ ਆਪਣੇ ਉੱਪਰ ਕੁਝ ਲੈ ਲਵੋ। ਪੌਦਿਆਂ, ਕਾਰਾਂ ਨੂੰ ਢੱਕਣ ਜਾਂ ਜਾਨਵਰਾਂ ਨੂੰ ਬਚਾਉਣ ਲਈ ਬਾਹਰ ਨਾ ਨਿਕਲੋ।
- ਆਪਣੇ ਆਪ ਨੂੰ ਅਤੇ ਆਪਣੇ ਪਾਲਤੂਆਂ ਨੂੰ ਖਿੜਕੀਆਂ, ਸ਼ੀਸ਼ੇ ਦੇ ਦਰਵਾਜ਼ਿਆਂ ਅਤੇ ਸਕਾਈਲਾਈਟਾਂ 'ਤੋਂ ਪਰ੍ਹੇ ਰੱਖੋ, ਜਿਹੜੇ ਟੁੱਟ ਸਕਦੇ ਹਨ।
- ਜੇਕਰ ਬਾਹਰ ਹੋ, ਕੋਈ ਪਨਾਹ ਨਹੀਂ ਤਾਂ ਝੁੱਕ ਕੇ ਬੈਠ ਜਾਉ ਤੇ ਆਪਣਾ ਮੂੰਹ ਹਵਾ ਤੋਂ ਪਰ੍ਹੇ ਨੂੰ ਰੱਖੋ। ਆਪਣੇ ਸਿਰ ਅਤੇ ਧੌਣ ਨੂੰ ਆਪਣੇ ਹੱਥ ਨਾਲ ਬਚਾ ਕੇ ਰੱਖੋ।

## ਵਿੱਤੀ ਤਿਆਰੀ

- ਆਪਣੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਕਿਸੇ ਇੰਸ਼ੋਰੈਂਸ ਏਜੰਟ ਨਾਲ ਗੱਲ ਕਰੋ।
- ਆਪਣੀ ਇੰਸ਼ੋਰੈਂਸ ਪਾਲਿਸੀ ਬਾਰੇ ਜਾਣੋ। ਯਕੀਨੀ ਬਣਾਉ ਕਿ ਤੁਹਾਡਾ ਘਰ, ਗੱਡੀ, ਬਿਜ਼ਨਸ ਅਤੇ ਸਮਾਨ ਸੁਰੱਖਿਅਤ ਕੀਤੇ ਹੋਏ ਹਨ।
- ਜੇਕਰ ਸੰਭਵ ਹੋਵੇ ਤਾਂ ਇਕ ਐਮਰਜੈਂਸੀ ਸੇਵਿੰਗ ਅਕਾਉਂਟ ਰੱਖੋ ਜਿਸ ਵਿਚੋਂ ਟੈਂਪਰੇਰੀ ਖਰਚੇ ਕੀਤੇ ਜਾ ਸਕਦੇ ਹੋਣ, ਜਦੋਂ ਤੁਸੀਂ ਆਪਣੇ ਘਰ 'ਚੋਂ ਬਾਹਰ ਹੋਵੋਗੇ।
- ਜੇਕਰ ਤੁਸੀਂ ਕਰ ਸਕਦੇ ਹੋਵੋ ਤਾਂ ਐਮਰਜੈਂਸੀ ਲਈ ਕੁਝ ਨਕਦੀ ਕੋਲ ਰੱਖੋ, ਕਿਸੇ ਹਾਲਤ 'ਚ ਜੇਕਰ ਬੈਂਕ ਸੇਵਾਵਾਂ ਉਪਲਬਧ ਨਾ ਹੋਣ।
- ਜੇਕਰ ਤੁਹਾਨੂੰ ਘਰੋਂ ਬਾਹਰ ਕੱਢ ਲਿਆ ਗਿਆ ਹੈ ਤਾਂ ਸਾਰੇ ਵਧੀਕ ਖਰਚਿਆਂ ਦੀਆਂ ਰਸੀਦਾਂ ਸੰਭਾਲ ਕੇ ਰੱਖੋ।
- ਆਪਣੇ ਸਾਰੇ ਸਮਾਨ ਦੀ ਇਕ ਵਿਸਤ੍ਰਿਤ ਲਿਸਟ ਤਿਆਰ ਕਰੋ।
- ਹੋਮ ਇੰਸ਼ੋਰੈਂਸ ਦਾ ਕਲੇਮ ਕਰਨ ਵਾਸਤੇ 7 ਪੜਾਵਾਂ ਨੂੰ ਜਾਣੋ।

ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਨਾਲ askibcwest@ibc.ca 'ਤੇ ਈਮੇਲ ਰਾਹੀਂ ਜਾਂ 1-844-227-5422 'ਤੇ ਫੋਨ ਕਰਕੇ ਸੰਪਰਕ ਕਰੋ। ਇੰਸ਼ੋਰੈਂਸ ਤਿਆਰੀ ਬਾਰੇ ਵਧੇਰੇ ਜਾਣਕਾਰੀ ਲਈ ibc.ca. ਵੇਖੋ।

## ਵਧੇਰੇ ਜਾਣਕਾਰੀ ਲਈ

ਹੇਠ ਲਿਖਿਆਂ ਬਾਰੇ ਸਾਡੀਆਂ ਹੋਰ ਤੱਥ ਸ਼ੀਟਾਂ ਪੜ੍ਹੋ:

- ਸਮੁੰਦਰੀ ਤੂਫਾਨ
- ਖਤਰੇ ਵਿਸ਼ੇਸ਼ ਲਈ ਤਿਆਰੀ, ਜਿਸ 'ਚ ਜੰਗਲੀ ਅੱਗ, ਹੜ੍ਹ, ਬਿਜਲੀ ਅਤੇ ਪਾਣੀ ਦੀ ਬੰਦੀ ਅਤੇ ਹੋਰ ਬਾਰੇ ਜਾਣਕਾਰੀ ਸ਼ਾਮਲ ਹੈ।

ਤੁਸੀਂ ਤਿਆਰੀ ਬਾਰੇ ਵਧੇਰੇ ਜਾਣਕਾਰੀ **Alberta.ca**, ਅਤੇ **Environment and Climate Change Canada** ਤੋਂ ਲੈ ਸਕਦੇ ਹੋ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi